ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**, ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.),**
**ਸਮੂਹ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.),**
**ਸਮੂਹ ਡਾਇਟ ਪ੍ਰਿੰਸੀਪਲ, ਸਮੂਹ ਬੀ.ਪੀ.ਈ.ਓ,**
**ਸਮੂਹ ਸਰਕਾਰੀ ਪ੍ਰਾਇਮਰੀ ਸਕੂਲ ਮੁੱਖੀ।**
**ਪੰਜਾਬ।**

ਮੀਮੋ ਨੰ:-SCERT/PPP/PRI/2020273234      ਮਿਤੀ:- 30.10.2020

**ਵਿਸ਼ਾ:- ਮਿਤੀ 18-11-2020 ਤੋਂ 21-11-2020 ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦਾ ਮੁਲਾਂਕਣ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ' ਜਮਾਤਾਂ ਸ਼ੁਰੂ ਕੀਤੀਆਂ ਗਈਆਂ ਹਨ।ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਉਦੇਸ਼ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਗ੍ਰਹਿਣ ਕਰਨ ਲਈ ਤਿਆਰ ਕਰਨਾ ਅਤੇ ਉਹਨਾਂ ਦਾ ਸਰਵ-ਪੱਖੀ ਵਿਕਾਸ ਕਰਨਾ ਹੈ।ਪ੍ਰੀ-ਪ੍ਰਾਇਮਰੀ ਦੀਆਂ ਜਮਾਤਾਂ ਲਈ ਸਕੂਲ ਸਿੱਖਿਆ ਵਿਭਾਗ ਵੱਲੋਂ ਪਾਠਕ੍ਰਮ ਤਿਆਰ ਕੀਤਾ ਗਿਆ ਹੈ, ਜਿਸ ਅਧੀਨ ਬੱਚਿਆਂ ਨੂੰ ਖੇਡ ਵਿਧੀ ਰਾਹੀਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।ਇਸ ਪਾਠਕ੍ਰਮ ਅਨੁਸਾਰ ਸਿੱਖਣ ਸਹਾਇਕ ਸਮੱਗਰੀ ਤਿਆਰ ਕਰਵਾ ਕੇ ਸਕੂਲਾਂ ਨੂੰ ਭੇਜੀ ਗਈ ਹੈ।

3.0 ਵਿਭਾਗ ਵੱਲੋਂ ਬਾਕੀ ਜਮਾਤਾਂ ਦੀ ਤਰ੍ਹਾਂ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਲਈ ਵੀ ਰੋਜ਼ਾਨਾ ਪੱਧਰ 'ਤੇ ਸਲਾਈਡਾਂ ਰਾਹੀਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਛੋਟੀਆਂ ਵੀਡੀਓ ਤਿਆਰ ਕਰਕੇ ਭੇਜੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਵਿਭਾਗ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਤਾਲਮੇਲ ਵਧਾਉਣ ਦੇ ਲਈ ਮਿਤੀ 22-10-2020 ਅਤੇ 23-10-2020 ਨੂੰ ਮਾਪੇ-ਅਧਿਆਪਕ ਮਿਲਣੀ ਕੀਤੀ ਗਈ ਹੈ।

4.0 ਪ੍ਰੀ-ਪ੍ਰਾਇਮਰੀ -1 ਜਮਾਤ ਵਿੱਚ ਬੱਚੇ ਨੂੰ ਸਿੱਖਿਆ ਦੇਣ ਲਈ ਮੁੱਖ ਤੌਰ 'ਤੇ ਪੰਜ ਖੇਤਰ ਰੱਖੇ ਗਏ ਹਨ : **ਸਰੀਰਕ ਅਤੇ ਕਿਰਿਆਤਮਿਕ ਵਿਕਾਸ, ਸਮਾਜਿਕ ਅਤੇ ਭਾਵਨਾਤਮਿਕ ਵਿਕਾਸ, ਬੌਧਿਕ ਵਿਕਾਸ, ਭਾਸ਼ਾਈ ਵਿਕਾਸ ਅਤੇ ਗਣਿਤ ਵਿਕਾਸ**।ਅਧਿਆਪਕ ਵੱਲੋਂ ਬੱਚਿਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਨ ਸਮੇਂ ਵਿਕਾਸ ਦੇ ਇਹਨਾਂ ਪੰਜ ਖੇਤਰਾਂ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ।

5.0 ਪ੍ਰੀ-ਪ੍ਰਾਇਮਰੀ -2 ਜਮਾਤ ਵਿੱਚ ਬੱਚੇ ਨੂੰ ਸਿੱਖਿਆ ਦੇਣ ਲਈ ਮੁੱਖ ਤੌਰ 'ਤੇ ਛੇ ਖੇਤਰ ਰੱਖੇ ਗਏ ਹਨ : **ਸਰੀਰਕ ਅਤੇ ਕਿਰਿਆਤਮਿਕ ਵਿਕਾਸ, ਸਮਾਜਿਕ ਅਤੇ ਭਾਵਨਾਤਮਿਕ ਵਿਕਾਸ, ਬੌਧਿਕ ਵਿਕਾਸ, ਭਾਸ਼ਾਈ ਵਿਕਾਸ, ਗਣਿਤ ਵਿਕਾਸ ਅਤੇ ਅੰਗਰੇਜ਼ੀ ਵਿਕਾਸ**।ਅਧਿਆਪਕ ਵੱਲੋਂ ਬੱਚਿਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਨ ਸਮੇਂ ਵਿਕਾਸ ਦੇ ਇਹਨਾਂ ਛੇ ਖੇਤਰਾਂ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ।

6.0 ਜਮਾਤ ਅਨੁਸਾਰ ਇਹਨਾਂ ਖੇਤਰਾਂ ਵਿੱਚ ਬੱਚਿਆਂ ਦੇ ਵਿਕਾਸ ਨੂੰ ਜਾਣਨ ਅਤੇ ਸਮਝਣ ਲਈ ਸਾਲ ਵਿੱਚ ਤਿੰਨ ਵਾਰ ਹਰ ਬੱਚੇ ਦੀ ਜਾਂਚ ਕੀਤੀ ਜਾਂਦੀ ਹੈ।

7.0 ਸੈਸ਼ਨ 2020-21 ਦੌਰਾਨ ਬੱਚਿਆਂ ਦੇ ਪੱਧਰਾ ਨੂੰ ਜਾਂਚਣ ਲਈ ਮਿਤੀ 18-11-2020 ਤੋਂ 21-11-2020 ਤੱਕ ਮੁਲਾਂਕਣ ਕੀਤਾ ਜਾਣਾ ਹੈ।

8.0 **ਬੱਚਿਆਂ ਦਾ ਇਹ ਮੁਲਾਂਕਣ ਹੇਠ ਲਿਖੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਣਾ ਹੈ:-**

8.1 ਬੱਚੇ ਦਾ ਮੁਲਾਂਕਣ ਅਧਿਆਪਕ ਵੱਲੋਂ ਟੈਲੀਫੋਨ ਦੇ ਮਾਧਿਅਮ ਰਾਹੀਂ, ਵੀਡੀਓ ਕਾਲ ਰਾਹੀਂ, Covid-19 ਸੰਬੰਧੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਿੱਧੇ ਤਾਲਮੇਲ ਰਾਹੀਂ ਕੀਤੇ ਜਾਣ ਦਾ ਸੁਝਾਅ ਹੈ।ਸਮੂਹ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਪ੍ਰੀ-ਪ੍ਰਾਇਮਰੀ ਵਿਦਿਆਰਥੀ ਦਾ ਮੁਲਾਂਕਣ ਕਰਨ ਲਈ ਵਿਦਿਆਰਥੀ ਨੂੰ ਸਕੂਲ ਵਿੱਚ ਨਹੀਂ ਬੁਲਾਇਆ ਜਾਵੇਗਾ।ਇਸ ਮੁਲਾਂਕਣ ਦੌਰਾਨ ਬੱਚਿਆਂ ਦੇ ਵਿਕਾਸ ਦੇ ਪੱਧਰ ਨੂੰ ਜਾਣਨ ਅਤੇ

ਸਮਝਣ ਲਈ ਮੁੱਖ ਦਫਤਰ ਵੱਲੋਂ ਪ੍ਰੋਫਾਰਮੇ ਵਿੱਚ ਕੁਝ ਪ੍ਰਸ਼ਨ ਭੇਜੇ ਜਾਣਗੇ, ਅਧਿਆਪਕ ਉਹਨਾਂ ਪ੍ਰਸ਼ਨਾਂ ਦੀ ਮਦਦ ਨਾਲ ਬੱਚਿਆਂ ਦਾ ਮੁਲਾਂਕਣ ਕਰਨਗੇ।

8.2 ਪ੍ਰੀ-ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਦੇ ਸਮੂਹ ਬੱਚਿਆਂ ਦੇ ਮੁਲਾਂਕਣ ਦਾ ਰਿਕਾਰਡ ਅਧਿਆਪਕ ਵੱਲੋਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਆਨ ਲਾਈਨ ਭਰਿਆ ਜਾਵੇਗਾ।ਅਧਿਆਪਕ ਨੂੰ ਇਹ ਪ੍ਰੋਫਾਰਮਾ ਮੁੱਖ ਦਫਤਰ ਵੱਲੋਂ ਮੁਲਾਂਕਣ ਦੀ ਮਿਤੀ ਤੋਂ ਪਹਿਲਾ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)/ਬੀ.ਪੀ.ਈ.ਓ ਰਾਹੀਂ ਸਾਂਝਾ ਕੀਤਾ ਜਾਵੇਗਾ।

8.3 ਮੁਲਾਂਕਣ ਪ੍ਰੀ-ਪ੍ਰਾਇਮਰੀ 1 ਅਤੇ 2 ਜਮਾਤਾਂ ਵਿੱਚ ਦਾਖਲ ਸਾਰੇ ਬੱਚਿਆਂ ਦਾ ਕੀਤਾ ਜਾਵੇ।

8.4 ਪ੍ਰੀ-ਪ੍ਰਾਇਮਰੀ ਜਮਾਤਾਂ ਦਾ ਮੁਲਾਂਕਣ ਨਿਰਧਾਰਿਤ ਕੀਤੇ ਗਏ ਸਮੇਂ ਵਿੱਚ ਮੁਕੰਮਲ ਕੀਤਾ ਜਾਵੇ, ਜਿਸ ਦੇ ਲਈ ਅਧਿਆਪਕ ਆਪਣੀ ਸੁਵਿਧਾ ਅਨੁਸਾਰ ਰੋਜ਼ਾਨਾ ਬੱਚਿਆਂ ਦਾ ਮੁਲਾਂਕਣ ਕਰਨਗੇ। ਪਰ ਅਧਿਆਪਕ ਇਸ ਗੱਲ ਦਾ ਧਿਆਨ ਰੱਖਣਗੇ ਕਿ ਰੋਜ਼ਾਨਾ 15 ਵਿਦਿਆਰਥੀਆਂ ਤੋਂ ਵੱਧ ਦਾ ਮੁਲਾਂਕਣ ਨਾ ਕੀਤਾ ਜਾਵੇ।

8.5 ਪ੍ਰੀ-ਪ੍ਰਾਇਮਰੀ ਮੁਲਾਂਕਣ ਦੌਰਾਨ ਸਿਰਫ਼ ਹੈੱਡ ਆਫਿਸ ਵੱਲੋਂ ਭੇਜੇ ਗਏ ਪ੍ਰਸ਼ਨ ਹੀ ਬੱਚਿਆਂ ਤੋਂ ਪੁੱਛੇ ਜਾਣਗੇ ਅਤੇ ਇਹਨਾਂ ਪ੍ਰਸ਼ਨਾਂ ਨੂੰ ਮਾਤਾ-ਪਿਤਾ ਨਾਲ ਸਾਂਝਾ ਕੀਤਾ ਜਾਵੇਗਾ।

9.0 ਮੁਲਾਂਕਣ ਖਤਮ ਹੋਣ ਤੋਂ ਬਾਅਦ ਅਧਿਆਪਕਾਂ ਦੁਆਰਾ ਬੱਚੇ ਦੀ ਪ੍ਰਾਪਤੀ ਸੰਬੰਧੀ ਜਾਣਕਾਰੀ ਸਕਾਰਾਤਮਕ ਤਰੀਕੇ ਨਾਲ ਹੀ ਮਾਤਾ-ਪਿਤਾ ਨਾਲ ਸਾਂਝੀ ਕੀਤੀ ਜਾਵੇ।

10.0 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਜਿਹਨਾਂ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਜਿਆਦਾ ਹੈ ਉਸ ਸਕੂਲ ਦੇ ਅਧਿਆਪਕ ਦੀ ਬੱਚਿਆਂ ਦਾ ਮੁਲਾਂਕਣ ਕਰਨ ਅਤੇ ਨਿਰਧਾਰਿਤ ਕੀਤੇ ਪ੍ਰੋਫਾਰਮੇ ਵਿੱਚ ਜਾਣਕਾਰੀ ਭਰਨ ਲਈ ਮਦਦ ਕਰੇਗੀ।

11.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਬੀ.ਪੀ.ਈ.ਓ, ਸੈਂਟਰ ਹੈੱਡ ਟੀਚਰ ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਇਹ ਸੁਨਿਸ਼ਚਿਤ ਕਰਨਗੇ ਕਿ ਉਹਨਾਂ ਦੇ ਜ਼ਿਲ੍ਹੇ/ ਬਲਾਕ/ ਕਲੱਸਟਰ ਅਧੀਨ ਆਉਂਦੇ ਕਿਸੇ ਵੀ ਪ੍ਰੀ-ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਦਾ ਮੁਲਾਂਕਣ ਕਰਨ ਤੋਂ ਨਹੀਂ ਰਹਿੰਦਾ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਮੁਲਾਂਕਣ ਖਤਮ ਹੋਣ ਤੋਂ ਤਿੰਨ ਦਿਨਾਂ ਦੇ ਵਿੱਚ ਮੁਲਾਂਕਣ ਸੰਬੰਧੀ ਡਾਟਾ ਆਨ ਲਾਇਨ ਭਰ ਲਿਆ ਜਾਵੇ।

12.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.**
**ਪੰਜਾਬ**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ

2.ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

3.ਡੀ.ਪੀ.ਆਈ. (ਐ.ਸਿੱ), ਪੰਜਾਬ

**ਡਾਇਰੈਕਟਰ ਐੱਸ.ਸੀ.ਈ.ਆਰ.ਟੀ.**
**ਪੰਜਾਬ**